Dhiman bp 15:56
to dpipunjab234

From Dhiman bp • dhimanbp1977@gmail.com
To dpipunjab234@gmail.com
Date Jun 25, 2024, 15:56
View security details

ਸੇਵਾ ਵਿਖੇ

ਮਾਨਯੋਗ ਡਾਇਰੈਕਟਰ,
ਉਚੇਰੀ ਸਿੱਖਿਆ ਵਿਭਾਗ, ਪੰਜਾਬ,
ਐਸ.ਏ.ਐਸ. ਨਗਰ।

ਵਿਸ਼ਾ : ਸਰਕਾਰੀ ਕਾਲਜਾਂ ਦਾ ਪ੍ਰਸ਼ਾਸ਼ਕੀ ਅਤੇ ਅਕਾਦਮਿਕ ਆਡਿਟ 2024 ਕਰਨ ਸਬੰਧੀ।

ਹਵਾਲਾ : ਆਪ ਜੀ ਦਾ ਮੀਮੋ ਨੰਬਰ 701671/2019,
(ਕਾਲਜ ਐਜੂਕੇਸ਼ਨ ਸ਼ਾਖਾ), ਮਿਤੀ 24-5-2024.

ਸ੍ਰੀ ਮਤੀ ਜੀ,
ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਬੇਨਤੀ ਹੈ ਕਿ ਹੈ ਕਿ ਹਵਾਲਾ ਅਧੀਨ ਪੱਤਰ ਦੇ ਪੈਰਾ ਨੰਬਰ 4.1 ਵਿਚ ਕਾਲਜ ਲਾਇਬਰੇਰੀਅਨ ਦੀ ਅਸਾਮੀ ਨੂੰ ਨਾਨ -ਟੀਚਿੰਗ ਵਿੱਚ ਦਰਸਾਇਆ ਗਿਆ ਹੈ, ਜਦੋਂ ਕਿ ਪੰਜਾਬ ਸਰਕਾਰ, ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ(ਸਿੱਖਿਆ ਸੈਲ) ਦੇ ਪੱਤਰ ਨੰਬਰ 7/15/2008-1 ਸਿ. ਸੈਲ/4789, ਮਿਤੀ 25-2-2008(ਕਾਪੀ ਨੱਥੀ ਹੈ) ਅਨੁਸਾਰ " ਸਰਕਾਰੀ ਕਾਲਜ ਦੇ ਲਾਇਬ੍ਰੇਰੀਅਨ ਅਕਾਦਮਿਕ ਸਟਾਫ਼ ਵਿੱਚ ਆਉਂਦੇ ਹਨ "।

ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ ਦੇ ਉਪਰੋਕਤ ਪੱਤਰ ਮਿਤੀ 25-2-2008 ਦੀ ਰੋਸ਼ਨੀ ਵਿੱਚ ਐਸੋਸੀਏਸ਼ਨ ਆਪ ਜੀ ਦੀ ਸੇਵਾ ਵਿੱਚ ਬੇਨਤੀ ਕਰਦੀ ਹੈ ਕਿ ਕਾਲਜ ਲਾਇਬਰੇਰੀਅਨ ਦੀ ਅਸਾਮੀ ਨੂੰ ਨਾਨ - ਟੀਚਿੰਗ ਦੀ ਬਜਾਏ ਹਵਾਲਾ ਅਧੀਨ ਪੱਤਰ ਦੇ ਪੈਰਾ 2 ਤੇ 3 ਵਿੱਚ ਅਕਾਦਮਿਕ ਸਟਾਫ਼ /ਟੀਚਿੰਗ ਸਟਾਫ਼ ਵਿੱਚ ਦਰਸਾਉਣ ਦੀ ਕਿਰਪਾਲਤਾ ਕੀਤੀ ਜਾਵੇ ਜੀ। ਵਰਨਣਯੋਗ ਹੈ ਕਿ ਕਾਲਜ ਲਾਇਬ੍ਰੇਰੀਅਨ ਅਧਿਆਪਕਾਂ ਦੀ ਤਰਾਂ ਯੂ.ਜੀ.ਸੀ.ਦੇ ਪਰਵਿਊ ਅਧੀਨ ਆਉਂਦੇ ਹਨ ਅਤੇ ਇਨ੍ਹਾਂ ਦੀਆਂ ਵਿੱਦਿਅਕ ਯੋਗਤਾਵਾਂ ਤੇ ਪੇ ਸਕੇਲ ਕਾਲਜ ਅਧਿਆਪਕਾਂ ਦੇ ਬਰਾਬਰ ਹੈ। ਪੰਜਾਬ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕੈਲੰਡਰਾਂ(Calenders) ਵਿੱਚ ਵੀ ਕਾਲਜ ਲਾਇਬ੍ਰੇਰੀਅਨ ਦੀ ਅਸਾਮੀ ਨੂੰ ਅਧਿਆਪਕ( ਟੀਚਰ) ਦੀ ਪਰਿਭਾਸ਼ਾ ਵਿੱਚ ਸ਼ਾਮਿਲ ਕੀਤਾ ਗਿਆ ਹੈ।

ਨੱਥੀ : ਉਪਰੋਕਤ ਅਨੁਸਾਰ

ਧੰਨਵਾਦ ਸਹਿਤ,

ਆਪ ਜੀ ਦਾ ਵਿਸ਼ਵਾਸ਼ਪਾਤਰ,

ਬਰਜਿੰਦਰ ਪਾਲ ਧੀਮਾਨ, ਪ੍ਰਧਾਨ,
ਪੰਜਾਬ ਕਾਲਜ ਲਾਇਬ੍ਰੇਰੀਅਨਜ਼ ਐਸੋਸੀਏਸ਼ਨ(ਪੀ.ਸੀ.ਐਲ.ਏ.)
ਈ - ਮੇਲ: dhimanbp1977@gmail.com
M. 97797-61939

